# ਸੋਲਰ (ਸੂਰਜੀ ਊਰਜਾ) ਨਾਲ ਬੱਚਤ ਕਰੋ। ਇਹ ਬਹੁਤ ਸੌਖੀ ਹੈ।

ਇਕ ਔਸਤ ਪਰਿਵਾਰ ਹਰ ਸਾਲ ਸੋਲਰ (ਸੂਰਜੀ ਊਰਜਾ) ਨਾਲ 1,000 ਡਾਲਰ[1] ਤੋਂ ਵਧੇਰੇ ਦੀ ਬੱਚਤ ਕਰਦਾ ਹੈ। 200,000 ਤੋਂ ਵਧੇਰੇ ਵਿਕਟੋਰੀਆ ਵਾਸੀਆਂ ਦੇ ਨਾਲ ਜੁੜੋ ਅਤੇ ਆਪਣੇ ਘਰ ਜਾਂ ਕਿਰਾਏ ਵਾਲੀ ਜਾਇਦਾਦ ਵਿੱਚ ਸੋਲਰ ਲਗਵਾਉਣ ਲਈ ਛੋਟ ਦਾ ਦਾਅਵਾ ਕਰੋ।

Solar Victoria

VICTORIA State Government



## ਸਾਡੀਆਂ ਛੋਟਾਂ ਬਾਰੇ

ਸੋਲਰ ਵਿਕਟੋਰੀਆ ਦਾ Solar Homes ਪ੍ਰੋਗਰਾਮ ਸੋਲਰ ਪੈਨਲਾਂ, ਬੈਟਰੀਆਂ ਅਤੇ ਊਰਜਾ ਦੀਆਂ ਸੁਯੋਗ ਗਰਮ ਪਾਣੀ ਵਾਲੀਆਂ ਪ੍ਰਣਾਲੀਆਂ ਨੂੰ ਸਥਾਪਤ ਕਰਨ ਵਾਸਤੇ ਛੋਟਾਂ ਦੀ ਪੇਸ਼ਕਸ਼ ਕਰ ਰਿਹਾ ਹੈ ਤਾਂ ਜੋ ਵਿਕਟੋਰੀਆ ਵਾਸੀਆਂ ਨੂੰ ਊਰਜਾ ਦੇ ਖ਼ਰਚਿਆਂ 'ਤੇ ਬੱਚਤ ਕਰਨ ਵਿੱਚ ਮਦਦ ਕੀਤੀ ਜਾ ਸਕੇ।

### ਸੋਲਰ ਪੈਨਲ (PV) ਛੋਟ

ਯੋਗ ਪਰਿਵਾਰ ਸੋਲਰ ਪੈਨਲਾਂ (PV) ਨੂੰ ਲਗਵਾਉਣ ਦੀ ਲਾਗਤ 'ਤੇ **1,400 ਡਾਲਰ ਤੱਕ ਦੀ ਛੋਟ** ਦਾ ਦਾਅਵਾ ਕਰ ਸਕਦੇ ਹਨ। ਉਸਾਰੇ ਜਾ ਰਹੇ ਘਰਾਂ ਲਈ ਵੀ ਸੋਲਰ PV ਵਾਲੀ ਛੋਟ ਉਪਲਬਧ ਹੈ।

ਮਨਜ਼ੂਰਸ਼ੁਦਾ ਬਿਨੈਕਾਰਾਂ ਲਈ ਵਿਆਜ-ਮੁਕਤ ਕਰਜ਼ਿਆਂ ਦੀ ਵੀ ਪੇਸ਼ਕਸ਼ ਕੀਤੀ ਜਾਂਦੀ ਹੈ।

### ਕਿਰਾਏ ਦੀਆਂ ਜਾਇਦਾਦਾਂ ਲਈ ਸੋਲਰ ਵਿੱਚ ਛੋਟ

ਜਾਇਦਾਦਾਂ ਨੂੰ ਕਿਰਾਏ 'ਤੇ ਦੇਣ ਵਾਲੇ ਯੋਗ ਪ੍ਰਦਾਤਾ ਪ੍ਰਤੀ ਵਿੱਤੀ ਸਾਲ ਕਿਰਾਏ ਦੀਆਂ ਦੋ ਜਾਇਦਾਦਾਂ 'ਤੇ ਸੋਲਰ ਪੈਨਲ (PV) ਲਗਵਾਉਣ ਦੀ ਲਾਗਤ 'ਤੇ **1,400 ਡਾਲਰ ਤੱਕ ਦੀ ਛੋਟ** ਦਾ ਦਾਅਵਾ ਕਰ ਸਕਦੇ ਹਨ।

ਮਨਜ਼ੂਰਸ਼ੁਦਾ ਬਿਨੈਕਾਰਾਂ ਲਈ ਵਿਆਜ-ਮੁਕਤ ਕਰਜ਼ਿਆਂ ਦੀ ਵੀ ਪੇਸ਼ਕਸ਼ ਕੀਤੀ ਜਾਂਦੀ ਹੈ।

### ਗਰਮ ਪਾਣੀ ਵਿੱਚ ਛੋਟ

ਯੋਗ ਪਰਿਵਾਰ ਸੋਲਰ ਨਾਲ ਗਰਮ ਪਾਣੀ ਜਾਂ ਹੀਟ ਪੰਪ ਵਾਲੀ ਗਰਮ ਪਾਣੀ ਦੀ ਪ੍ਰਣਾਲੀ ਦੀ ਲਾਗਤ 'ਤੇ **1,000 ਡਾਲਰ ਤੱਕ** ਦੀ ਛੋਟ ਦਾ ਦਾਅਵਾ ਕਰ ਸਕਦੇ ਹਨ।

> ਯੋਗ ਪਰਿਵਾਰ ਸੋਲਰ ਪੈਨਲ (PV) ਛੋਟ ਤੋਂ ਇਲਾਵਾ ਗਰਮ ਪਾਣੀ ਦੀ ਛੋਟ ਲਈ ਵੀ ਅਰਜ਼ੀ ਦੇ ਸਕਦੇ ਹਨ।

### ਸੋਲਰ ਬੈਟਰੀ ਲਈ ਛੋਟ

ਯੋਗ ਪਰਿਵਾਰ ਸੋਲਰ ਬੈਟਰੀ ਦੀ ਕੀਮਤ 'ਤੇ **2,950 ਡਾਲਰ ਤੱਕ ਦੀ ਛੋਟ** ਦਾ ਦਾਅਵਾ ਕਰ ਸਕਦੇ ਹਨ।

## ਮੈਂ ਕਿਵੇਂ ਅਰਜ਼ੀ ਦੇਵਾਂ?

**ਕਦਮ 1: ਆਪਣੀ ਯੋਗਤਾ ਦੀ ਜਾਂਚ ਕਰੋ**

ਛੋਟ ਵਾਸਤੇ ਆਪਣੀ ਯੋਗਤਾ ਦੀ ਪੁਸ਼ਟੀ ਕਰੋ – ਤੁਸੀਂ ਯੋਗਤਾ ਦੇ ਮਾਪਦੰਡਾਂ ਦੀ ਇਕ ਸੂਚੀ ਅਗਲੇ ਸਫ਼ੇ 'ਤੇ ਵੇਖ ਸਕਦੇ ਹੋ।

**ਕਦਮ 2: ਲਾਗਤ ਦਾ ਅੰਦਾਜ਼ਾ ਲਵੋ**

ਤੁਹਾਨੂੰ ਸੋਲਰ ਵਿਕਟੋਰੀਆ ਵੱਲੋਂ ਅਧਿਕਾਰਿਤ ਕਿਸੇ ਸੋਲਰ ਪ੍ਰਚੂਨ ਵਿਕਰੇਤਾ ਨਾਲ ਸੰਪਰਕ ਕਰਨ ਅਤੇ ਲਾਗਤ ਦਾ ਅੰਦਾਜ਼ਾ ਲੈਣ ਦੀ ਲੋੜ ਪਵੇਗੀ। ਤੁਸੀਂ ਉਹਨਾਂ ਦੇ ਵੇਰਵੇ ਸੋਲਰ ਵਿਕਟੋਰੀਆ ਦੀ ਵੈੱਬਸਾਈਟ 'ਤੇ ਇੱਥੇ solar.vic.gov.au/retailers ਵੇਖ ਸਕਦੇ ਹੋ।

ਜਦ ਤੁਸੀਂ ਕਿਸੇ ਸੋਲਰ ਪ੍ਰਚੂਨ ਵਿਕਰੇਤਾ ਨਾਲ ਸੰਪਰਕ ਕਰਦੇ ਹੋ, ਤਾਂ ਤੁਹਾਨੂੰ ਉਹਨਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਤੁਸੀਂ ਸੋਲਰ ਵਿਕਟੋਰੀਆ ਛੋਟ ਵਾਸਤੇ ਅਰਜ਼ੀ ਦੇਣ ਵਿੱਚ ਦਿਲਚਸਪੀ ਰੱਖਦੇ ਹੋ।

ਕਿਸੇ ਛੋਟ ਵਾਸਤੇ ਯੋਗ ਹੋਣ ਲਈ, ਇਹ ਉਤਪਾਦ ਲਾਜ਼ਮੀ ਤੌਰ 'ਤੇ ਸੋਲਰ ਵਿਕਟੋਰੀਆ ਵੱਲੋਂ ਮਨਜ਼ੂਰਸ਼ੁਦਾ ਉਤਪਾਦਾਂ ਦੀ ਸੂਚੀ[2] ਵਿੱਚ ਹੋਣੇ ਚਾਹੀਦੇ ਹਨ।

**ਕਦਮ 3: ਆਪਣੀ ਛੋਟ ਵਾਸਤੇ ਅਰਜ਼ੀ ਦਿਓ**

ਇਕ ਵਾਰ ਜਦ ਤੁਸੀਂ ਕਿਸੇ ਅਧਿਕਾਰਿਤ ਸੋਲਰ ਪ੍ਰਚੂਨ ਵਿਕਰੇਤਾ ਵੱਲੋਂ ਪੇਸ਼ ਕੀਤੀ ਲਾਗਤ ਨੂੰ ਸਵੀਕਾਰ ਕਰ ਲੈਂਦੇ ਹੋ ਤਾਂ ਤੁਸੀਂ ਸੋਲਰ ਵਿਕਟੋਰੀਆ ਦੇ ਗਾਹਕ ਪੋਰਟਲ ਰਾਹੀਂ ਛੋਟ ਵਾਸਤੇ ਅਰਜ਼ੀ ਦੇ ਸਕਦੇ ਹੋ। ਤੁਸੀਂ ਇੱਥੇ ਵਿਆਜ-ਮੁਕਤ ਕਰਜ਼ੇ ਲਈ ਵੀ ਅਰਜ਼ੀ ਦੇ ਸਕਦੇ ਹੋ।

ਤੁਹਾਡਾ ਸੂਰਜੀ ਊਰਜਾ ਵਾਲਾ ਵਿਕਰੇਤਾ ਤੁਹਾਡੇ ਵੱਲੋਂ ਛੋਟ ਦਾ ਦਾਅਵਾ ਕਰੇਗਾ ਅਤੇ ਛੋਟ ਦੀ ਰਕਮ ਤੁਹਾਡੀ ਪ੍ਰਣਾਲੀ ਅਤੇ ਲਗਾਉਣ ਦੀ ਸਮੁੱਚੀ ਲਾਗਤ ਵਿੱਚੋਂ ਕੱਟੀ ਜਾਵੇਗੀ। ਇਕ ਵਾਰ ਲਗਾ ਦਿੱਤੇ ਜਾਣ ਤੋਂ ਬਾਅਦ ਕੋਈ ਬਕਾਇਆ ਰਹਿੰਦੀ ਰਕਮ ਤੁਸੀਂ ਆਪਣੇ ਸੂਰਜੀ ਊਰਜਾ ਵਾਲੇ ਵਿਕਰੇਤਾ ਨੂੰ ਸਿੱਧੇ ਅਦਾ ਕਰਨ ਲਈ ਜ਼ਿੰਮੇਵਾਰ ਹੋ।

## ਸਾਨੂੰ ਸੰਪਰਕ ਕਰੋ

ਇਸ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਤੁਸੀਂ **solar.vic.gov.au** 'ਤੇ ਲੱਭ ਸਕਦੇ ਹੋ ਜਾਂ ਫਿਰ ਸਾਡੀ ਗਾਹਕ ਸੇਵਾ ਟੀਮ ਨੂੰ 1300 376 393 'ਤੇ ਫ਼ੋਨ ਕਰੋ (ਕਾਰੋਬਾਰੀ ਘੰਟਿਆਂ ਦੌਰਾਨ)।

ਜੇ ਤੁਸੀਂ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ National Translating and Interpreting Service (ਰਾਸ਼ਟਰੀ ਅਨੁਵਾਦ ਅਤੇ ਦੁਭਾਸ਼ੀਆ ਸੇਵਾ) ਨੂੰ 131 450 ਉੱਤੇ ਫੋਨ ਕਰਕੇ ਫ਼ੋਨ 'ਤੇ ਅਨੁਵਾਦ ਦੀਆਂ ਮੁਫ਼ਤ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹੋ।

## ਪਹੁੰਚ

ਜੇ ਤੁਸੀਂ ਇਸ ਪ੍ਰਕਾਸ਼ਨ ਨੂੰ ਕਿਸੇ ਵਿਕਲਪਕ ਸਰੂਪ ਵਿੱਚ ਪ੍ਰਾਪਤ ਕਰਨਾ ਚਾਹੁੰਦੇ ਹੋ: ਕਿਰਪਾ ਕਰਕੇ ਸੋਲਰ ਵਿਕਟੋਰੀਆ ਨਾਲ **comms@team.solar.vic.gov.au** 'ਤੇ ਸੰਪਰਕ ਕਰੋ।

ਇਹ ਦਸਤਾਵੇਜ਼ ਇੰਟਰਨੈੱਟ 'ਤੇ ਵੀ ਇੱਥੇ **solar.vic.gov.au** ਉਪਲਬਧ ਹੈ।

1 ਰਵਾਇਤੀ 6.16 ਕਿਲੋਵਾਟ ਛੱਤ ਵਾਲੀ ਪ੍ਰਣਾਲੀ 'ਤੇ ਆਧਾਰਿਤ

2 www.solar.vic.gov.au/approved-products

## ਫ਼ਾਇਦੇ

- ਆਪਣੇ ਊਰਜਾ ਬਿੱਲਾਂ ਨੂੰ ਘੱਟ ਕਰੋ
- ਆਪਣੀ ਊਰਜਾ ਦੀ ਸਪਲਾਈ ਵਿੱਚ ਵਾਧਾ ਕਰੋ
- ਸੋਲਰ ਉਦਯੋਗ ਵਿੱਚ ਨੌਕਰੀਆਂ ਦੀ ਸਿਰਜਣਾ ਕਰਨ ਵਿੱਚ ਮਦਦ ਕਰੋ
- ਜਲਵਾਯੂ ਪਰਿਵਰਤਨ ਨਾਲ ਨਜਿੱਠੋ

# ਛੋਟ ਦੀਆਂ ਕਿਸਮਾਂ ਅਤੇ ਯੋਗਤਾ ਦੇ ਮਾਪਦੰਡ

## ਸੋਲਰ ਪੈਨਲ (PV) 'ਤੇ ਛੋਟ – 1,400 ਡਾਲਰ ਤੱਕ

**ਤੁਸੀਂ ਸੋਲਰ ਪੈਨਲ (PV) 'ਤੇ ਛੋਟ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ ਜੇਕਰ:**

» ਤੁਸੀਂ ਕਿਸੇ ਮੌਜੂਦਾ ਜਾਇਦਾਦ ਦੇ ਮਾਲਕ ਹੋ ਅਤੇ ਇਸ ਵਿੱਚ ਰਹਿੰਦੇ ਹੋ, ਜਾਂ ਉਸਾਰੀ ਅਧੀਨ ਘਰ ਦੇ ਮਾਲਕ ਹੋ, ਜਿੱਥੇ ਪ੍ਰਣਾਲੀ ਨੂੰ ਸਥਾਪਤ ਕੀਤਾ ਜਾਣਾ ਹੈ
» ਸਾਰੇ ਮਾਲਕਾਂ ਦੀ ਕੁੱਲ ਪਰਿਵਾਰਕ ਟੈਕਸਯੋਗ ਆਮਦਨ ਪ੍ਰਤੀ ਸਾਲ 180,000 ਡਾਲਰ ਤੋਂ ਘੱਟ ਹੈ[1]
» ਤੁਸੀਂ ਪਹਿਲਾਂ ਹੀ Solar Homes ਪ੍ਰੋਗਰਾਮ ਦੇ ਅਧੀਨ ਮਾਲਕ-ਅਤੇ-ਰਹਿਣ ਵਾਲੇ ਵਜੋਂ ਸੋਲਰ ਪੈਨਲ (PV) ਦੀ ਛੋਟ ਜਾਂ ਸੋਲਰ ਬੈਟਰੀ ਵਾਲੀ ਛੋਟ ਪ੍ਰਾਪਤ ਨਹੀਂ ਕੀਤੀ ਹੈ
» ਇਹ ਜਾਇਦਾਦ ਪਹਿਲਾਂ ਤੋਂ ਬਣੀ ਹੋਈ ਜਾਇਦਾਦ ਹੈ ਜਿਸ ਦਾ ਮੁੱਲ 3 ਮਿਲੀਅਨ ਡਾਲਰ ਤੋਂ ਘੱਟ ਹੈ, ਜਾਂ ਫਿਰ ਉਸਾਰੀ ਅਧੀਨ ਇਕ ਘਰ ਹੈ ਜਿਸ ਦੇ ਪੂਰੇ ਬਣ ਜਾਣ ਦੇ ਸਮੇਂ ਇਸ ਦੀ ਕੀਮਤ 3 ਮਿਲੀਅਨ ਡਾਲਰ ਤੋਂ ਘੱਟ ਹੋਵੇਗੀ
» ਜਾਇਦਾਦ ਦੇ ਪਤੇ 'ਤੇ ਪਹਿਲਾਂ ਹੀ Solar Homes ਪ੍ਰੋਗਰਾਮ ਦੇ ਅਧੀਨ ਸੋਲਰ ਪੈਨਲ (PV) ਛੋਟ ਜਾਂ ਸੋਲਰ ਬੈਟਰੀ ਛੋਟ ਪ੍ਰਾਪਤ ਨਹੀਂ ਕੀਤੀ ਹੈ[2]
» ਜਾਇਦਾਦ ਵਿੱਚ ਪਹਿਲਾਂ ਕੋਈ ਸੋਲਰ PV ਪ੍ਰਣਾਲੀ ਸਥਾਪਤ ਨਹੀਂ ਕੀਤੀ ਗਈ ਹੈ (ਜਦ ਤੱਕ ਕਿ ਇਹ 1 ਨਵੰਬਰ, 2009 ਤੋਂ ਪਹਿਲਾਂ ਕੀਤੀ ਹੋਵੇ)।

## ਕਿਰਾਏ ਦੀਆਂ ਜਾਇਦਾਦਾਂ ਲਈ ਸੋਲਰ ਪੈਨਲ (PV) 'ਤੇ ਛੋਟ - 1,400 ਡਾਲਰ ਤੱਕ

**ਜੇ ਤੁਸੀਂ ਵਿਕਟੋਰੀਆ ਵਿੱਚ ਜਾਇਦਾਦ ਕਿਰਾਏ 'ਤੇ ਦੇਣ ਵਾਲੇ ਮਾਲਕ ਹੋ, ਤਾਂ ਤੁਸੀਂ ਆਪਣੀ ਕਿਰਾਏ ਵਾਲੀ ਜਾਇਦਾਦ ਵਾਸਤੇ ਛੋਟ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ ਜੇਕਰ:**

» ਤੁਹਾਡੀ ਸਾਰੇ ਮਾਲਕਾਂ ਦੀ ਕੁੱਲ ਪਰਿਵਾਰਕ ਟੈਕਸਯੋਗ ਆਮਦਨ ਪ੍ਰਤੀ ਸਾਲ 180,000 ਡਾਲਰ ਤੋਂ ਘੱਟ ਹੈ[1]
» ਜਾਇਦਾਦ ਦਾ ਮੁੱਲ 3 ਮਿਲੀਅਨ ਡਾਲਰ ਤੋਂ ਘੱਟ ਹੈ ਅਤੇ ਇਸ ਵਿੱਚ ਪਹਿਲਾਂ ਤੋਂ ਹੀ ਸੋਲਰ ਪੈਨਲ (PV) ਨਹੀਂ ਲੱਗੇ ਹੋਏ ਹਨ
» ਜਾਇਦਾਦ ਦੇ ਪਤੇ 'ਤੇ ਪਹਿਲਾਂ ਹੀ Solar Homes ਪ੍ਰੋਗਰਾਮ ਦੇ ਅਧੀਨ ਸੋਲਰ ਪੈਨਲ (PV) ਛੋਟ ਜਾਂ ਸੋਲਰ ਬੈਟਰੀ ਛੋਟ ਪ੍ਰਾਪਤ ਨਹੀਂ ਕੀਤੀ ਗਈ ਹੈ[2]
» *ਕਿਰਾਏ 'ਤੇ ਜਾਇਦਾਦ ਦੇਣ ਵਾਲੇ ਅਤੇ ਕਿਰਾਏਦਾਰ ਦੇ ਵਿਚਕਾਰ* Solar Homes Program ਸਮਝੌਤੇ ਉੱਤੇ ਕਿਰਾਏ 'ਤੇ ਜਾਇਦਾਦ ਦੇਣ ਵਾਲੇ ਅਤੇ ਸਾਰੇ ਕਿਰਾਏਦਾਰਾਂ ਦੁਆਰਾ ਦਸਤਖਤ ਕੀਤੇ ਗਏ ਹਨ
» ਜਾਇਦਾਦ ਇਸ ਸਮੇਂ ਕਿਰਾਏ ਦੇ ਇਕਰਾਰਨਾਮੇ ਦੇ ਨਾਲ ਕਿਰਾਏ 'ਤੇ ਚੜ੍ਹੀ ਹੋਈ ਹੈ।

## ਗਰਮ ਪਾਣੀ ਵਾਸਤੇ ਛੋਟ – 1,000 ਡਾਲਰ ਤੱਕ

**ਤੁਸੀਂ ਮਨਜ਼ੂਰਸ਼ੁਦਾ ਸੋਲਰ ਨਾਲ ਗਰਮ ਪਾਣੀ ਜਾਂ ਹੀਟ ਪੰਪ ਵਾਲੀ ਗਰਮ ਪਾਣੀ ਦੀ ਪ੍ਰਣਾਲੀ ਵਾਸਤੇ ਗਰਮ ਪਾਣੀ ਦੀ ਛੋਟ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ ਜੇਕਰ:**

» ਤੁਸੀਂ ਉਸ ਜਾਇਦਾਦ ਦੇ ਮਾਲਕ-ਅਤੇ-ਰਹਿਣ ਵਾਲੇ ਹੋ ਜਿੱਥੇ ਪ੍ਰਣਾਲੀ ਨੂੰ ਲਗਾਇਆ ਜਾਣਾ ਹੈ
» ਸਾਰੇ ਮਾਲਕਾਂ ਦੀ ਕੁੱਲ ਪਰਿਵਾਰਕ ਟੈਕਸਯੋਗ ਆਮਦਨ ਪ੍ਰਤੀ ਸਾਲ 180,000 ਡਾਲਰ ਤੋਂ ਘੱਟ ਹੈ[1]
» ਤੁਸੀਂ ਪਹਿਲਾਂ ਹੀ Solar Homes ਪ੍ਰੋਗਰਾਮ ਦੇ ਅਧੀਨ ਮਾਲਕ-ਅਤੇ-ਰਹਿਣ ਵਾਲੇ ਵਜੋਂ ਸੋਲਰ ਬੈਟਰੀ ਵਾਲੀ ਛੋਟ ਜਾਂ ਗਰਮ ਪਾਣੀ ਦੀ ਛੋਟ ਪ੍ਰਾਪਤ ਨਹੀਂ ਕੀਤੀ ਹੈ
» ਇਹ ਪਹਿਲਾਂ ਤੋਂ ਬਣੀ ਜਾਇਦਾਦ ਹੈ, ਜਿਸ ਦੀ ਕੀਮਤ 3 ਮਿਲੀਅਨ ਡਾਲਰ ਤੋਂ ਘੱਟ ਹੈ
» ਜਾਇਦਾਦ ਦੇ ਪਤੇ 'ਤੇ ਪਹਿਲਾਂ ਹੀ Solar Homes ਪ੍ਰੋਗਰਾਮ ਦੇ ਅਧੀਨ ਮਾਲਕ-ਅਤੇ-ਰਹਿਣ ਵਾਲੇ ਵਜੋਂ ਸੋਲਰ ਬੈਟਰੀ ਵਾਲੀ ਛੋਟ ਜਾਂ ਗਰਮ ਪਾਣੀ ਵਿੱਚ ਛੋਟ ਪ੍ਰਾਪਤ ਨਹੀਂ ਕੀਤੀ ਗਈ ਹੈ[2]
» ਜੇ ਗਰਮ ਪਾਣੀ ਵਾਲੀ ਪ੍ਰਣਾਲੀ ਨੂੰ ਬਦਲਣਾ ਹੈ ਤਾਂ ਇਸ ਦੀ ਖਰੀਦ ਦੀ ਤਰੀਕ ਘੱਟੋ ਘੱਟ ਤਿੰਨ ਸਾਲ ਪੁਰਾਣੀ ਹੋਣੀ ਚਾਹੀਦੀ ਹੈ

## ਸੋਲਰ ਬੈਟਰੀ ਲਈ ਛੋਟ - 2,950 ਡਾਲਰ ਤੱਕ

**ਤੁਸੀਂ ਸੋਲਰ ਬੈਟਰੀ 'ਤੇ ਛੋਟ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ ਜੇਕਰ:**

» ਤੁਸੀਂ ਉਸ ਜਾਇਦਾਦ ਦੇ ਮਾਲਕ-ਅਤੇ-ਰਹਿਣ ਵਾਲੇ ਹੋ ਜਿੱਥੇ ਪ੍ਰਣਾਲੀ ਨੂੰ ਲਗਾਇਆ ਜਾਣਾ ਹੈ
» ਸਾਰੇ ਮਾਲਕਾਂ ਦੀ ਕੁੱਲ ਪਰਿਵਾਰਕ ਟੈਕਸਯੋਗ ਆਮਦਨ ਪ੍ਰਤੀ ਸਾਲ 180,000 ਡਾਲਰ ਤੋਂ ਘੱਟ ਹੈ[1]
» ਤੁਸੀਂ ਪਹਿਲਾਂ ਹੀ Solar Homes ਪ੍ਰੋਗਰਾਮ ਦੇ ਅਧੀਨ ਮਾਲਕ-ਅਤੇ-ਰਹਿਣ ਵਾਲੇ ਵਜੋਂ ਸੋਲਰ ਬੈਟਰੀ ਵਾਲੀ ਛੋਟ ਪ੍ਰਾਪਤ ਨਹੀਂ ਕੀਤੀ ਹੈ
» ਇਹ ਪਹਿਲਾਂ ਤੋਂ ਬਣੀ ਜਾਇਦਾਦ ਹੈ, ਜਿਸ ਦੀ ਕੀਮਤ 3 ਮਿਲੀਅਨ ਡਾਲਰ ਤੋਂ ਘੱਟ ਹੈ
» ਜਾਇਦਾਦ ਦੇ ਪਤੇ 'ਤੇ Solar Homes ਪ੍ਰੋਗਰਾਮ ਦੇ ਅਧੀਨ ਪਹਿਲਾਂ ਕੋਈ ਛੋਟ ਪ੍ਰਾਪਤ ਨਹੀਂ ਹੋਈ ਹੈ[2]
» ਜਾਇਦਾਦ ਵਿੱਚ ਪਹਿਲਾਂ ਹੀ ਸੋਲਰ PV ਪੈਨਲ ਹਨ ਜਿਨ੍ਹਾਂ ਦੀ ਸਮਰੱਥਾ 5 ਕਿਲੋਵਾਟ ਦੇ ਬਰਾਬਰ ਜਾਂ ਇਸ ਤੋਂ ਵੱਧ ਹੈ ਜਾਂ ਸੋਲਰ ਬੈਟਰੀ ਲਗਾਉਣ ਦੇ ਨਾਲ ਇਸ ਨੂੰ ਲਗਾਉਣ ਦਾ ਪ੍ਰਬੰਧ ਕਰ ਰਹੀ ਹੈ
» ਬੈਟਰੀ ਨੂੰ ਗਰਿੱਡ ਨਾਲ ਸੁਰੱਖਿਅਤ ਤਰੀਕੇ ਨਾਲ ਜੋੜਨ ਲਈ ਤੁਹਾਡੇ ਡਿਸਟ੍ਰੀਬਿਊਟਿਡ ਨੈੱਟਵਰਕ ਸੇਵਾ ਪ੍ਰਦਾਤਾ (DNSP) ਕੋਲੋਂ ਪਹਿਲਾਂ ਮਨਜ਼ੂਰੀ ਪ੍ਰਾਪਤ ਕੀਤੀ ਜਾਂਦੀ ਹੈ
» ਜਾਇਦਾਦ ਵਿੱਚ ਊਰਜਾ ਨੂੰ ਸੰਭਾਲ ਕੇ ਰੱਖਣ ਵਾਲੀ ਕੋਈ ਮੌਜੂਦਾ ਪ੍ਰਣਾਲੀ ਨਹੀਂ ਹੈ
» ਮਾਲਕ ਆਪਣੇ ਡਿਸਟ੍ਰੀਬਿਊਸ਼ਨ ਨੈੱਟਵਰਕ ਸੇਵਾ ਪ੍ਰਦਾਤਾ ਤੋਂ ਬੈਟਰੀ ਵਾਲੀਆਂ ਅਜ਼ਮਾਇਸ਼ਾਂ ਵਿੱਚ ਹਿੱਸਾ ਲੈਣ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਸਹਿਮਤ ਹੁੰਦੇ ਹਨ ਤਾਂ ਜੋ ਪਰਿਵਾਰਾਂ ਨੂੰ ਉਨ੍ਹਾਂ ਤੋਂ ਮਿਲਣ ਵਾਲੇ ਲਾਭ ਨੂੰ ਵੱਧ ਤੋਂ ਵੱਧ ਕੀਤਾ ਜਾ ਸਕੇ।

1 ਪਿਛਲੇ ਦੋ ਸਾਲਾਂ ਵਿੱਚੋਂ ਕਿਸੇ ਵੀ ਇਕ ਦੀ ਟੈਕਸਯੋਗ ਆਮਦਨ 'ਤੇ ਆਧਾਰਿਤ
2 ਸਾਡੀ ਗਾਹਕ ਸੇਵਾ ਟੀਮ 1300 376 393 'ਤੇ ਸੰਪਰਕ ਕਰਨ ਯੋਗ ਹੈ ਅਤੇ ਇਹ ਪੁਸ਼ਟੀ ਕਰ ਸਕਦੀ ਹੈ ਕਿ ਕੀ ਕਿਸੇ ਜਾਇਦਾਦ ਨੇ ਪਹਿਲਾਂ Solar Homes ਪ੍ਰੋਗਰਾਮ ਵਿੱਚ ਹਿੱਸਾ ਲਿਆ ਹੈ

© ਵਿਕਟੋਰੀਆ ਸਰਕਾਰ ਦਾ ਊਰਜਾ, ਵਾਤਾਵਰਣ ਅਤੇ ਜਲਵਾਯੂ 'ਤੇ ਕਾਰਵਾਈ ਕਰਨ ਦਾ ਵਿਭਾਗ (ਦਾ ਸਟੇਟ ਆਫ ਵਿਕਟੋਰੀਆ ਡਿਪਾਰਟਮੈਂਟ ਆਫ ਐਨਰਜੀ, ਇਨਵਾਇਰਨਮੈਂਟ ਐਂਡ ਕਲਾਈਮੇਟ ਐਕਸ਼ਨ) 2023

**ਬੇਦਾਅਵਾ:** ਇਹ ਪ੍ਰਕਾਸ਼ਨ ਤੁਹਾਡੇ ਲਈ ਮਦਦਗਾਰ ਹੋ ਸਕਦਾ ਹੈ ਪਰ ਵਿਕਟੋਰੀਆ ਰਾਜ ਅਤੇ ਇਸਦੇ ਕਰਮਚਾਰੀ ਇਸ ਗੱਲ ਦੀ ਗਰੰਟੀ ਨਹੀਂ ਦਿੰਦੇ ਕਿ ਪ੍ਰਕਾਸ਼ਨ ਕਿਸੇ ਵੀ ਕਿਸਮ ਦੀ ਨੁਕਸ ਤੋਂ ਬਿਨਾਂ ਹੈ ਜਾਂ ਤੁਹਾਡੇ ਖਾਸ ਉਦੇਸ਼ਾਂ ਲਈ ਪੂਰੀ ਤਰ੍ਹਾਂ ਢੁਕਵਾਂ ਹੈ ਅਤੇ ਇਸ ਲਈ ਕਿਸੇ ਵੀ ਗਲਤੀ, ਨੁਕਸਾਨ ਜਾਂ ਹੋਰ ਨਤੀਜਿਆਂ ਲਈ ਸਾਰੀਆਂ ਦੇਣਦਾਰੀਆਂ ਨੂੰ ਰੱਦ ਕਰਦਾ ਹੈ ਜੋ ਇਸ ਪ੍ਰਕਾਸ਼ਨ ਵਿੱਚ ਕਿਸੇ ਵੀ ਜਾਣਕਾਰੀ 'ਤੇ ਨਿਰਭਰ ਕਰਨ ਨਾਲ ਤੁਹਾਨੂੰ ਪੈਦਾ ਹੋ ਸਕਦੀਆਂ ਹਨ।

SOL131_FS Comb_09.02.23